ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

ਸਮੂਹ ਅਧਿਆਪਕ **ਸਾਹਿਬਾਨ,**

ਆਪ ਜੀ ਦੀ ਸਿਹਤਮੰਦ ਜ਼ਿੰਦਗੀ ਦੀ ਕਾਮਨਾ ਕਰਦੇ ਹੋਏ ਆਸ ਕਰਦਾ ਹਾਂ ਕਿ ਤੁਸੀਂ ਆਪਣੇ ਘਰਾਂ ਵਿਚ ਸੁਰੱਖਿਅਤ ਤਰੀਕੇ ਨਾਲ ਰਹਿ ਰਹੇ ਹੋਵੋਗੇ।

ਜਿਵੇਂ ਕਿ ਤੁਸੀਂ ਸਾਰੇ COVID-19 ਦੇ ਬਾਰੇ ਜਾਣੂ ਹੋ, ਯੂਨੀਵਰਸਿਟੀ ਪ੍ਰਸ਼ਾਸਨ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਇਸ ਸਥਿਤੀ ਨੂੰ ਕਾਬੂ ਵਿਚ ਰੱਖਣ ਲਈ ਸਮੇਂ ਸਮੇਂ ਤੇ ਦਿੱਤੀਆਂ ਜਾਂਦੀਆਂ ਹਦਾਇਤਾਂ ਦੀ ਇਨ੍ਹ ਬਿਨ੍ਹ ਪਾਲਣਾ ਕਰ ਰਹੀ ਹੈ। COVID-19 ਦੇ ਕਾਰਨ ਉਤਪੰਨ ਹੋਈ ਸਥਿਤੀ ਦੇ ਮੱਦੇ ਨਜ਼ਰ, ਆਪ ਜੀ ਦੇ ਵਿਭਾਗ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੀ ਪੜਾਈ ਦੇ ਨੁਕਸਾਨ ਤੋਂ ਬਚਣ ਲਈ ਆਪ ਜੀ ਨੂੰ ਮਾਨਯੋਗ ਵਾਈਸ ਚਾਂਸਲਰ ਸਾਹਿਬ ਦੁਆਰਾ e-learning concept ਨੂੰ ਯੂਨੀਵਰਸਿਟੀ ਵਿਖੇ ਅਪਣਾਉਣ ਲਈ ਬਣਾਈ Coordinating Committee ਵੱਲੋਂ ਆਪ ਜੀ ਦੇ ਵਿਭਾਗ ਨੂੰ ਸਮੇਂ ਸਮੇਂ ਤੇ ਹਸਤਾਖ਼ਰ ਕਰਤਾ ਦੇ ਦਫ਼ਤਰ ਵੱਲੋਂ ਦਸਤਾਵੇਜ਼ ਭੇਜੇ ਗਏ ਹਨ।

ਵਾਈਸ ਚਾਂਸਲਰ ਸਾਹਿਬ ਨੂੰ ਯੂ.ਜੀ.ਸੀ. ਵੱਲੋਂ ਮਿਤੀ 25-03-2020 ਨੂੰ ਪੱਤਰ ਨੰ. F.No. 1-14/2020 (Website) ਜਿਸਦਾ ਵਿਸ਼ਾ "Let COVID19 not stop you from learning - ICT initiatives of MHRD and UGC" ਹੈ, ਪ੍ਰਾਪਤ ਹੋਇਆ ਹੈ। ਇਹ ਪੱਤਰ ਹਸਤਾਖ਼ਰ ਕਰਤਾ ਦੁਆਰਾ ਆਪ ਜੀ ਨਾਲ ਪਹਿਲਾਂ ਹੀ ਈਮੇਲ ਰਾਹੀਂ ਸਾਂਝਾ ਕੀਤਾ ਜਾ ਚੁੱਕਿਆ ਹੈ। ਇਸ ਪੱਤਰ ਵਿਚ Online learning ਰਾਹੀ ਇਸ ਸਮੇਂ ਨੂੰ ਇਸਤੇਮਾਲ ਕਰਨ ਬਾਰੇ ਸੁਝਾਅ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਯੂ.ਜੀ.ਸੀ. ਤੋਂ ਪੱਤਰ ਪ੍ਰਾਪਤ ਹੋਇਆ ਸੀ ਜਿਸ ਵਿਚ MHRD, Govt of India, New Delhi ਵੱਲੋਂ e-contents ਸਬੰਧੀ ਚੁੱਕੇ ਗਏ ਕਦਮਾਂ ਬਾਰੇ ਆਪ ਜੀ ਨੂੰ ਜਾਣੂ ਕਰਵਾਉਣ ਲਈ ਲਿਖਿਆ ਹੈ। ਮਾਨਯੋਗ ਵਾਈਸ ਚਾਂਸਲਰ ਨੇ ਆਪ ਜੀ ਤੱਕ ICT initiatives of MHRD, UGC and its Inter University Centres(IUCs), INFLIBNET, CEC ਵੱਲੋਂ e-contents ਸਬੰਧੀ ਮੁਹਈਆ ਕਰਵਾਏ e-contents, MOOCs, Software and Applications ਬਾਰੇ ਸੁਖਾਲੇ ਢੰਗ ਨਾਲ ਜਾਣਕਾਰੀ ਸਾਂਝੀ ਕਰਨ ਲਈ ਦਿਸ਼ਾ ਨਿਰਦੇਸ਼ ਦਿੱਤੇ ਹਨ। Dr. Vishal Goyal, Professor, Department of Computer Science ਦੁਆਰਾ PPT ਤਿਆਰ ਕੀਤੀ ਗਈ ਹੈ ਜਿਸ ਵਿਚ ਇਸ ਸੰਬੰਧੀ ਜਾਣਕਾਰੀ ਸ਼ਾਮਿਲ ਕੀਤੀ ਗਈ ਹੈ ਜੋ ਕਿ ਤੁਹਾਡੇ ਨਾਲ ਇਸ ਪੱਤਰ ਰਾਹੀਂ ਸਾਂਝੀ ਕੀਤੀ ਜਾ ਰਹੀ ਹੈ। ਆਪ ਇਸ ਨੂੰ ਘੋਖ ਕੇ ਆਪਣੇ course ਨਾਲ ਸਬੰਧਤ ਜਾਣਕਾਰੀ ਵਰਤ ਕੇ ਆਪਣੇ ਵਿਦਿਆਰਥੀਆਂ ਨਾਲ ਸਾਂਝੀ ਕਰੋ।

ਮਾਨਯੋਗ ਵਾਈਸ ਚਾਂਸਲਰ ਸਾਹਿਬ ਨੇ ਅਧਿਆਪਕ ਸਾਹਿਬਾਨਾਂ ਵੱਲੋਂ ਇਸ ਘੜੀ ਵਿਚ ਵੀ ਯੂਨੀਵਰਸਿਟੀ ਦੇ ਅਧਿਆਪਨ ਕਾਰਜ ਨੂੰ ਘਰ ਬੈਠ ਕੇ ਜਾਰੀ ਰੱਖਣ ਬਾਰੇ ਸ਼ਲਾਘਾ ਕੀਤੀ ਹੈ। ਇਸ ਦੇ ਨਾਲ ਨਾਲ ਉਨ੍ਹਾਂ ਨੇ ਸਭ ਨੂੰ ਸੁਝਾਅ ਦਿੱਤਾ ਹੈ ਕਿ Moodle ਦੀ ਵੀ ਵੱਧ ਤੋਂ ਵੱਧ ਵਰਤੋਂ ਨੂੰ ਯਕੀਨੀ ਬਣਾਇਆ ਜਾਵੇ।

ਮਾਨਯੋਗ ਵਾਈਸ ਚਾਂਸਲਰ ਸਾਹਿਬ ਨੇ ਚਾਹਿਆ ਹੈ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਦਾ ਰਹਿੰਦਾ syllabus Online teaching ਦੇ ਮਾਧਿਅਮ ਰਾਹੀਂ ਪੂਰਾ ਕਰਵਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਸ਼ਲਾਘਾ ਕੀਤੀ ਹੈ ਕਿ ਯੂਨੀਵਰਸਿਟੀ ਦੇ ਕਾਫ਼ੀ ਅਧਿਆਪਕ ਇਹਨਾਂ ਸੁਝਾਏ ਵਸੀਲਿਆਂ ਰਾਹੀਂ ਆਪਣੇ ਵਿਦਿਆਰਥੀਆਂ ਤੱਕ ਪਾਠ ਸਮਗਰੀ ਪਹੁੰਚਾ ਰਹੇ ਹਨ। ਉਨ੍ਹਾਂ ਨਾਲ doubt session ਵੀ ਕਈ ਤਰੀਕਿਆਂ ਜਿਵੇਂ ਕਿ zoom, WhatsApp ਆਦਿ ਰਾਹੀਂ ਕਰ ਰਹੇ ਹਨ। ਕਈ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਇਨ੍ਹਾਂ ਵਸੀਲਿਆਂ ਨਾਲ Online Lecture ਵੀ deliver ਕਰ ਰਹੇ ਹਨ। ਕਈ ਅਧਿਆਪਕ Moodle ਦਾ ਵੀ ਵਧੀਆ ਇਸਤੇਮਾਲ ਕਰ ਰਹੇ ਹਨ। ਪਰ ਇਸ system ਨੂੰ ਹੋਰ ਵਧੀਆ ਤਰੀਕੇ ਨਾਲ ਵਰਤਣ ਦੀ ਲੋੜ ਹੈ ਤਾਂ ਜੋ ਵਿਦਿਆਰਥੀਆਂ ਨੂੰ ਇਸ ਦਾ ਲਾਭ ਮਿਲ ਸਕੇ ਅਤੇ ਵਿਦਿਆਰਥੀਆਂ ਦਾ syllabus ਸਮੇਂ ਤੇ ਪੂਰਾ ਹੋ ਸਕੇ। ਇਸ ਨਾਲ ਯੂਨੀਵਰਸਿਟੀ ਦਾ ਅਗਲਾ ਸੈਸ਼ਨ ਸਮੇਂ ਤੇ ਸ਼ੁਰੂ ਕੀਤਾ ਜਾ ਸਕੇਗਾ ਅਤੇ ਯੂਨੀਵਰਸਿਟੀ ਦਾ ਅਕਾਦਮਿਕ ਸੈਸ਼ਨ ਵੀ disturb ਨਹੀਂ ਹੋਵੇਗਾ। ਯੂਨੀਵਰਸਿਟੀ ਦੇ ਖੁੱਲ੍ਹਣ

ਤੇ Online teaching ਦੀ ਕੀਤੀ ਵਰਤੋਂ ਬਾਰੇ ਵੀ ਜਾਇਜ਼ਾ ਲਿਆ ਜਾਵੇਗਾ ਅਤੇ ਇਸ ਪ੍ਰਥਾ ਨੂੰ ਕਿਸ ਤਰ੍ਹਾਂ ਹੋਰ effective ਬਣਾ ਕੇ ਇਸ ਤੋਂ ਕਿਵੇਂ ਫ਼ਾਇਦਾ ਚੁੱਕਿਆ ਜਾ ਸਕਦਾ ਹੈ, ਬਾਰੇ ਵਿਚਾਰ ਵਿਮਰਸ਼ ਕੀਤਾ ਜਾਵੇਗਾ।

Online teaching ਬਾਰੇ ਜੋ PPT ਅਤੇ ਦਸਤਾਵੇਜ਼ ਆਪ ਜੀ ਦੇ ਵਿਭਾਗ ਨਾਲ ਸਾਂਝੇ ਕੀਤੇ ਸਨ, ਆਪ ਜੀ ਨੂੰ ਇਸ ਪੱਤਰ ਨਾਲ ਵੀ ਨੱਥੀ ਕੀਤੇ ਜਾ ਰਹੇ ਹਨ। ਅੰਤ ਵਿਚ ਆਪ ਜੀ ਨੂੰ ਇਸ ਸਮੇਂ ਵਿਚ Online Teaching ਰਾਹੀਂ ਵਿਦਿਆਰਥੀਆਂ ਨੂੰ ਪੜ੍ਹਾਉਣ ਅਤੇ Moodle ਨੂੰ ਵੱਧ ਤੋਂ ਵੱਧ ਵਰਤਣ ਦੀ ਸਲਾਹ ਦਿੰਦਾ ਹਾਂ।

ਜੇਕਰ ਕਿਸੇ ਅਧਿਆਪਕ ਨੂੰ ਇਸ ਦੀ ਵਰਤੋਂ ਵਿਚ ਕੋਈ ਦਿੱਕਤ ਆਵੇ ਤਾਂ ਉਹ Coordinating team ਦੇ ਹੇਠ ਲਿਖੇ ਮੈਂਬਰਾਂ ਨਾਲ ਸੰਪਰਕ ਕਰ ਸਕਦੇ ਹਨ:

1. Prof. Vishal Goyal (9501096111,vishal.pup@gmail.com)
2. Dr. Gurpreet Singh Josan (9914347847, josangurpreet@pbi.ac.in)
3. Dr. Satinder Kumar (9872403467,satinder@pbi.ac.in)

ਯੂਨੀਵਰਸਿਟੀ ਵੱਲੋਂ e-Learning ਸਬੰਧੀ ਕੀਤੇ ਉਪਰਾਲੇ ਅਤੇ ਇਸ ਦੇ ਬਾਰੇ ਜਾਣਕਾਰੀ ਯੂਨੀਵਰਸਿਟੀ ਦੀ ਵੈੱਬਸਾਈਟ ਦੇ ਵੇਬ ਲਿੰਕ http://www.punjabiuniversity.ac.in/Pages/Page.aspx?dsenc=elearning ਤੇ ਉਪਲਬਧ ਹੈ।

(ਡੀਨ, ਅਕਾਦਮਿਕ ਮਾਮਲੇ)
27.3.2020